**ਵਿਸ਼ਾ - ਪੰਜਾਬੀ** **ਪਾਠ - 25** **ਜਮਾਤ - ਛੇਵੀਂ**

# ਭਾਰਤ ਰਤਨ ਡਾ: ਭੀਮ ਰਾਓ ਅੰਬੇਦਕਰ

## I. ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ 1 ਤੋਂ 6 ਤੱਕ ਪ੍ਰਸ਼ਨਾਂ ਦੇ ਉੱਤਰ ਦਿਓ:

ਭਾਰਤ ਆਜ਼ਾਦ ਹੋਇਆ ਤਾਂ ਉਹਨਾਂ ਨੂੰ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਬਣਾਇਆ ਗਿਆ। ਡਾ: ਭੀਮ ਰਾਓ ਨੇ ਇਸ ਪਦ 'ਤੇ ਕੰਮ ਕਰਦਿਆਂ ਦਲਿਤ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਭਰਪੂਰ ਉਪਰਾਲੇ ਕੀਤੇ। ਉਨ੍ਹਾਂ ਨੇ ਭਾਰਤ ਦਾ ਸੰਵਿਧਾਨ ਲਿਖਿਆ ਜੋ 26 ਜਨਵਰੀ 1950 ਨੂੰ ਲਾਗੂ ਹੋਇਆ । ਜੀਵਨ ਦੇ ਅੰਤਲੇ ਦਿਨਾਂ ਵਿਚ ਉਹ ਬੁੱਧ ਧਰਮ ਦੀ ਸ਼ਰਨ ਵਿੱਚ ਚਲੇ ਗਏ । ਉਹ ਮਹਾਨ ਸਮਾਜ ਸੁਧਾਰਕ, ਕਾਨੂੰਨਦਾਨ ਅਤੇ ਫ਼ਿਲਾਸਫਰ ਹੋਏ ਹਨ। ਡਾ: ਭੀਮ ਰਾਓ ਅੰਬੇਦਕਰ ਦੇ ਸੌ ਸਾਲਾ ਜਨਮ ਦਿਵਸ ਉੱਤੇ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਭਾਰਤ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

**ਪ੍ਰਸ਼ਨ 1. ਅਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਕੌਣ ਸਨ?**

ਉੱਤਰ - (ੳ) ਡਾ: ਮਨਮੋਹਨ ਸਿੰਘ

(ਅ) ਡਾ: ਭੀਮ ਰਾਓ ਅੰਬੇਦਕਰ

(ੲ) ਮਹਾਤਮਾ ਗਾਂਧੀ

(ਸ) ਗਿਆਨੀ ਜੈਲ ਸਿੰਘ ।

**ਪ੍ਰਸ਼ਨ 2. ਡਾ: ਭੀਮ ਰਾਓ ਅੰਬੇਦਕਰ ਨੇ ਕਿਸ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਸਨ?**

ਉੱਤਰ - (ੳ) ਦਲਿਤ ਸਮਾਜ

(ਅ) ਅੰਗਹੀਣ ਲੋਕ

(ੲ) ਔਰਤਾਂ

(ਸ) ਪੱਛੜੀਆਂ ਸ਼੍ਰੇਣੀਆਂ ।

**ਪ੍ਰਸ਼ਨ 3. ਭਾਰਤ ਦਾ ਸੰਵਿਧਾਨ ਕਿਸ ਨੇ ਲਿਖਿਆ?**

ਉੱਤਰ - (ੳ) ਪੰਡਤ ਜਵਾਹਰ ਲਾਲ ਨਹਿਰੂ

(ਅ) ਗੋਪੀ ਚੰਦ ਭਾਰਗਵ

(ੲ) ਰਬਿੰਦਰ ਨਾਥ ਟੈਗੋਰ

(ਸ) ਡਾਕਟਰ ਭੀਮ ਰਾਓ ਅੰਬੇਦਕਰ ।

**ਪ੍ਰਸ਼ਨ 4. ਜੀਵਨ ਦੇ ਅੰਤਲੇ ਦਿਨਾਂ ਵਿਚ ਡਾ: ਭੀਮ ਰਾਓ ਅੰਬੇਦਕਰ ਨੇ ਕਿਹੜਾ ਧਰਮ ਅਪਣਾਇਆ?**

ਉੱਤਰ - (ੳ) ਹਿੰਦੂ ਧਰਮ

(ਅ) ਬੁੱਧ ਧਰਮ

(ੲ) ਜੈਨ ਧਰਮ

(ਸ) ਸਿੱਖ ਧਰਮ ।

**ਪ੍ਰਸ਼ਨ 5. ਡਾ: ਭੀਮ ਰਾਓ ਅੰਬੇਦਕਰ ਦੇ ਕਿੰਨਵੇਂ ਜਨਮ ਦਿਵਸ 'ਤੇ ਉਨ੍ਹਾਂ ਨੂੰ 'ਭਾਰਤ ਰਤਨ' ਦੀ ਉਪਾਧੀ ਦਿੱਤੀ ਗਈ?**

ਉੱਤਰ - (ੳ) 51 ਵੇਂ

(ਅ) 60 ਸਾਲਾ

(ੲ) 100 ਸਾਲਾ

(ਸ) 35 ਸਾਲਾ ।

**ਪ੍ਰਸ਼ਨ 6. ਕਿਹੜੀ ਸਰਕਾਰ ਵੱਲੋਂ ਭੀਮ ਰਾਓ ਅੰਬੇਦਕਰ ਨੂੰ 'ਭਾਰਤ ਰਤਨ' ਦਿੱਤਾ ਗਿਆ?**

ਉੱਤਰ - (ੳ) ਪੰਜਾਬ ਸਰਕਾਰ

(ਅ) ਦਲਿਤ ਸਮਾਜ

(ੲ) ਭਾਰਤ ਸਰਕਾਰ

(ਸ) ਰਾਸ਼ਟਰੀ ਸੰਘ ।

**ਪ੍ਰਸ਼ਨ 7. ਡਾ: ਭੀਮ ਰਾਓ ਅੰਬੇਦਕਰ ਜੀ ਦਾ ਜਨਮ ਕਦੋਂ ਹੋਇਆ?**

ਉੱਤਰ - (ੳ) 14 ਅਪ੍ਰੈਲ 1891

(ਅ) 10 ਅਪ੍ਰੈਲ 1991

(ੲ) 14 ਅਪ੍ਰੈਲ 1439

(ਸ) 15 ਅਪ੍ਰੈਲ 1897

**ਪ੍ਰਸ਼ਨ 8. ਡਾ: ਭੀਮ ਰਾਓ ਅੰਬੇਦਕਰ ਜੀ ਦੇ ਮਾਤਾ ਜੀ ਦਾ ਨਾਂ ਕੀ ਸੀ?**

ਉੱਤਰ - (ੳ) ਮਾਇਆਵਤੀ

(ਅ) ਲੀਲਾ ਦੇਵੀ

(ੲ) ਭੀਮਾ ਬਾਈ

(ਸ) ਵਿਦਿਆਵਤੀ ।

**ਪ੍ਰਸ਼ਨ 9. ਡਾ: ਭੀਮ ਰਾਓ ਅੰਬੇਦਕਰ ਜੀ ਦੇ ਪਿਤਾ ਦਾ ਕੀ ਨਾਂ ਸੀ?**

ਉੱਤਰ - (ੳ) ਦਾਸ ਜੀ

(ਅ) ਸ: ਨੰਦ ਸਿੰਘ

(ੲ) ਰਾਮ ਜੀ

(ਸ) ਰਾਮ ਸਿੰਘ ।

**ਪ੍ਰਸ਼ਨ 10. ਡਾ: ਭੀਮ ਰਾਓ ਅੰਬੇਦਕਰ ਜੀ ਦੇ ਪਿੰਡ ਦਾ ਕੀ ਨਾਂ ਸੀ?**

ਉੱਤਰ - (ੳ) ਸਤਾਰਾ

(ਅ) ਅੰਬਾਵਡੇ

(ੲ) ਅੰਬਾਲਾ

(ਸ) ਕਾਸ਼ੀਪੁਰ ।

**ਪ੍ਰਸ਼ਨ 11. ਡਾ: ਭੀਮ ਰਾਓ ਅੰਬੇਦਕਰ ਜੀ ਦੇ ਨਾਂ ਨਾਲ ਅੰਬੇਦਕਰ ਕਿਸ ਨੇ ਲਾਇਆ ਸੀ?**

ਉੱਤਰ - (ੳ) ਉਸ ਦੇ ਪਿਤਾ ਜੀ ਨੇ

(ਅ) ਉਸ ਦੇ ਭਰਾ ਨੇ

(ੲ) ਉਸ ਦੇ ਅਧਿਆਪਕ ਨੇ

(ਸ) ਉਸ ਦੀ ਮਾਂ ਨੇ ।

**ਪ੍ਰਸ਼ਨ 12. ਡਾ: ਭੀਮ ਰਾਓ ਨੇ ਮਿਲਟਰੀ ਸਕੱਤਰ ਦੀ ਨੌਕਰੀ ਕਿਉਂ ਛੱਡੀ?**

ਉੱਤਰ - (ੳ) ਜਾਤੀ ਭੇਦ-ਭਾਵ ਕਾਰਨ

(ਅ) ਨੌਕਰੀ ਵਿਚ ਮਨ ਨਾ ਲੱਗਣ ਕਾਰਨ

(ੲ) ਪਰਿਵਾਰਕ ਮਾਹੌਲ ਸੁਖਾਵਾਂ ਨਾ ਹੋਣ ਕਾਰਨ

(ਸ) ਆਪਣੀ ਇੱਛਾ ਨਾਲ ।

**ਪ੍ਰਸ਼ਨ 13. ਮੂਕ ਨਾਇਕ ਅਤੇ ਬਹਿਸ਼ਕ੍ਰਿਤ ਅਖ਼ਬਾਰ ਕਿਸਨੇ ਕੱਢੇ?**

ਉੱਤਰ - (ੳ) ਮਹਾਤਮਾ ਗਾਂਧੀ

(ਅ) ਜੋਤਿਬਾ ਫੂਲੇ

(ੲ) ਪੰਡਤ ਨਹਿਰੂ

(ਸ) ਡਾ: ਭੀਮ ਰਾਓ ਅੰਬੇਦਕਰ ।

**ਪ੍ਰਸ਼ਨ 14. ਡਾਕਟਰ ਭੀਮ ਰਾਓ ਅੰਬੇਦਕਰ ਵਿਧਾਨ ਪ੍ਰੀਸ਼ਦ ਮੁੰਬਈ ਦੇ ਮੈਂਬਰ ਕਦੋਂ ਚੁਣੇ ਗਏ ਸਨ?**

ਉੱਤਰ - (ੳ) 1827

(ਅ) 1927

(ੲ) 1920

(ਸ) 1890

**ਪ੍ਰਸ਼ਨ 15. ਡਾ: ਭੀਮ ਰਾਓ ਅੰਬੇਦਕਰ ਦੇ ਬਾਲ-ਮਨ 'ਤੇ ਇਸ ਗੱਲ ਦਾ ਡੂੰਘਾ ਅਸਰ ਹੋਇਆ ਸੀ?**

ਉੱਤਰ - (ੳ) ਜਾਤੀ ਭੇਦ - ਭਾਵ

(ਅ) ਗਰੀਬੀ

(ੲ) ਮਾਤਾ ਜੀ ਦੇ ਵਿਛੋੜੇ ਦਾ

(ਸ) ਦਹੇਜ ਪ੍ਰਥਾ ਦੀ ਕੁਰੀਤੀ ਦਾ ।

**ਪ੍ਰਸ਼ਨ 16. ਡਾ: ਭੀਮ ਰਾਓ ਅੰਬੇਦਕਰ ਅਕਾਲ ਚਲਾਣਾ ਕਦੋਂ ਕਰ ਗਏ ਸਨ?**

ਉੱਤਰ - (ੳ) 6 ਜਨਵਰੀ 1950

(ਅ) 25 ਅਗਸਤ 1947

(ੲ) 9 ਨਵੰਬਰ 1946

(ਸ) 6 ਦਸੰਬਰ 1956

**ਪ੍ਰਸ਼ਨ 17. ਅਮਰੀਕਾ ਵਿਚ ਭੀਮ ਰਾਓ ਦਾ ਜੀਵਨ ਕਿਹੋ - ਜਿਹਾ ਸੀ?**

ਉੱਤਰ - (ੳ) ਸ਼ਾਹੀ ਠਾਠ - ਬਾਠ ਵਾਲਾ

(ਅ) ਗਰੀਬੀ ਵਾਲਾ

(ੲ) ਅਮੀਰ

(ਸ) ਬਹੁਤ ਹੀ ਸਾਦਾ ।

**ਪ੍ਰਸ਼ਨ 18. ਭਾਰਤ ਦਾ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ?**

ਉੱਤਰ - (ੳ) 20 ਜਨਵਰੀ 1950

(ਅ) 26 ਜਨਵਰੀ 1950

(ੲ) 26 ਜਨਵਰੀ 1949

(ਸ) 20 ਫਰਵਰੀ 1950 ।

**ਪ੍ਰਸ਼ਨ 19. 'ਭੀਮ ਰਾਓ ਅੰਬੇਦਕਰ' ਸ਼ਬਦ ਨਾਂਵ ਦੀ ਕਿਹੜੀ ਕਿਸਮ ਹੈ?**

ਉੱਤਰ - (ੳ) ਖਾਸ ਨਾਂਵ

(ਅ) ਆਮ ਨਾਂਵ

(ੲ) ਭਾਵਵਾਚਕ ਨਾਂਵ

(ਸ) ਇਕੱਠਵਾਚਕ ਨਾਂਵ ।

**ਪ੍ਰਸ਼ਨ 20. ਭੀਮ ਰਾਓ ਅੰਬੇਦਕਰ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਸੰਯੁਕਤ ਵਾਕ ਦੇ ਅੰਤ ਵਿੱਚ ਕਿਹੜਾ ਚਿੰਨ੍ਹ?**

ਉੱਤਰ - (ੳ) ਕਾਮਾ

(ਅ) ਡੰਡੀ

(ੲ) ਜੋੜਨੀ

(ਸ) ਦੁਬਿੰਦੀ ।

**ਪ੍ਰਸ਼ਨ 21. ਸੁਘੜ - ਸਿਆਣੀ ਔਰਤ ਹੈ। ਇਸ ਵਾਕ ਵਿੱਚ ਕਿੰਨੇ ਵਿਸ਼ਰਾਮ ਚਿੰਨ ਲੱਗੇ ਹਨ?**

ਉੱਤਰ - (ੳ) ਇੱਕ

(ਅ) ਦੋ

(ੲ) ਚਾਰ

(ਸ) ਤਿੰਨ ।

**ਪ੍ਰਸ਼ਨ 22. ਉਹ ਸਵੇਰੇ ਉੱਠ ਕੇ ਪੜ੍ਹਨ ਬੈਠ ਜਾਂਦੇ । ਇਸ ਵਾਕ ਵਿੱਚ ਕਿਰਿਆ ਸ਼ਬਦ ਚੁਣੋ।**

ਉੱਤਰ - (ੳ) ਉਹ

(ਅ) ਉੱਠ ਕੇ

(ੲ) ਸਵੇਰੇ

(ਸ) ਉੱਠ ਕੇ ਬੈਠ ਜਾਂਦੇ ।

**ਪ੍ਰਸ਼ਨ 23. ਹਸ-ਮੁੱਖ ਸ਼ਬਦ ਤੋਂ ਕੀ ਭਾਵ ਹੈ?**

ਉੱਤਰ - (ੳ) ਸੁੰਦਰ

(ਅ) ਖੁਸ਼

(ੲ) ਪੱਕਾ

(ਸ) ਅਨੋਖਾ ।

**ਪ੍ਰਸ਼ਨ 24. 'ਤੂੰ ਆਪਣੇ ਨਾਂ ਨਾਲ ਅੰਬੇਦਕਰ ਲਗਾ ਲੈ' ਇਸ ਵਾਕ ਵਿੱਚ ਪੜਨਾਂਵ ਦੱਸੋ।**

ਉੱਤਰ - (ੳ) ਨਾਲ

(ਅ) ਅੰਬੇਦਕਰ

(ੲ) ਤੂੰ

(ਸ) ਨਾਂ ।

**ਪ੍ਰਸ਼ਨ 25. 'ਔਖਾ' ਸ਼ਬਦ ਦਾ ਵਿਰੋਧੀ ਸ਼ਬਦ ਦਸੋ।**

ਉੱਤਰ - (ੳ) ਗੰਦਾ

(ਅ) ਬੁਰਾ

(ੲ) ਸੌਖਾ

(ਸ) ਸਖ਼ਤ ।

**ਪ੍ਰਸ਼ਨ 26. 'ਲਗਨ' ਸ਼ਬਦ ਦਾ ਸਮਾਨਾਰਥਕ ਸ਼ਬਦ ਦਸੋ।**

ਉੱਤਰ - (ੳ) ਮਿਹਨਤ

(ਅ) ਵਰਖਾ

(ੲ) ਨੀਵਾਂ

(ਸ) ਡੂੰਘਾ ।

**ਪ੍ਰਸ਼ਨ 27. ਹਮੇਸ਼ਾ ਖੁਸ਼ ਰਹਿਣ ਵਾਲਾ ....?**

ਉੱਤਰ - (ੳ) ਮਿੱਠ - ਬੋਲੜਾ

(ਅ) ਹਰਮਨ - ਪਿਆਰਾ

(ੲ) ਹਸ - ਮੁੱਖ

(ਸ) ਸਹਿਣਸ਼ੀਲ ।

**ਪ੍ਰਸ਼ਨ 28. 'ਬਿੰਦੀ ਕਾਮਾ' ਵਿਸ਼ਰਾਮ ਚਿੰਨ੍ਹ ਕਿਹੜਾ ਹੈ?**

ਉੱਤਰ - (ੳ) !

(ਅ) " "

(ੲ) ;

(ਸ) ?

**ਪ੍ਰਸ਼ਨ 29. ਸ਼ੁੱਧ ਰੂਪ ਚੁਣੋ ?**

ਉੱਤਰ - (ੳ) ਕੁਰਿਤੀਆਂ

(ਅ) ਕਿਰਿਤੀਆਂ

(ੲ) ਕਰੀਤੀਆਂ

(ਸ) ਕੁਰੀਤੀਆਂ ।

**ਪ੍ਰਸ਼ਨ 30. 'ਜੱਦੋ - ਜਹਿਦ ਕਰਨਾ' ਮੁਹਾਵਰੇ ਦਾ ਅਰਥ ਦੱਸੋ।**

ਉੱਤਰ - (ੳ) ਕੋਸ਼ਿਸ਼ ਕਰਨਾ

(ਅ) ਮਿਹਨਤ ਕਰਨਾ

(ੲ) ਬਹੁਤ ਕੋਸ਼ਿਸ਼ ਕਰਨਾ

(ਸ) ਵਪਾਰ ਕਰਨਾ ।

ਤਿਆਰ ਕਰਤਾ - ਗੁਰਨਾਮ ਸਿੰਘ ਡੀ.ਐੱਮ.
ਪੰਜਾਬੀ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ।